# ਸੁੱਰਖਿਅਤ ਡਿਜੀਟਲ ਬੈਂਕਿੰਗ ਅਨੁਭਵ ਲਈ ਚੰਗੇ ਅਮਲ

ਵਿੱਤੀ ਸਾਖਰਤਾ ਹਫ਼ਤਾ
ਜੂਨ 4-8, 2018

## ਕੀ ਕਰੀਏ ਤੇ ਕੀ ਨਾ ਕਰੀਏ

### ਆਨਲਾਈਨ ਤੇ ਮੋਬਾਈਲ ਬੈਂਕਿੰਗ

**ਇਹ ਕਰੋ**



- ਭੁਗਤਾਨ ਕਰਨ ਦੇ ਲਈ ਸਿਰਫ ਪੜਤਾਲ ਕੀਤੇ ਤੇ ਭਰੋਸੇਮੰਦ ਬ੍ਰਾਉਜ਼ਰ ਅਤੇ ਐੱਚ ਟੀ ਟੀ ਪੀ ਐੱਸ (https://) ਸੁਰੱਖਿਅਤ ਵੈਬਸਾਈਟ ਦੀ ਹੀ ਵਰਤੋਂ ਕਰੋ।
- ਸਮੇਂ-ਸਮੇਂ ਤੇ ਪਾਸਵਰਡ ਨੂੰ ਬਦਲਣਾ ਯਕੀਨੀ ਬਣਾਓ।
- ਹਮੇਸ਼ਾ ਆਪਣੀ ਪੇਮੈਂਟ ਐਪਲੀਕੇਸ਼ਨ ਦਾ ਅਪਡੇਟਡ ਵਰਜ਼ਨ ਰੱਖੋ।

**ਇਹ ਨਾ ਕਰੋ**



- ਕਦੇ ਵੀ ਫੋਨ ਤੇ ਲਾਗਇਨ ਸੰਬੰਧੀ ਜਾਣਕਾਰੀ ਸਟੋਰ ਨਾ ਕਰੋ ਅਤੇ ਗੈਰ-ਭਰੋਸੇਮੰਦ ਕਿਓਸਕ ਤੇ ਕਿਸੇ ਵੀ ਜਾਣਕਾਰੀ ਨੂੰ ਦਰਜ਼ ਨਾ ਕਰਵਾਉ।
- ਕਦੇ ਵੀ ਪਬਲਿਕ ਡਿਵਾਈਸ ਅਤੇ ਅਸੁਰੱਖਿਅਤ/ਓਪਨ ਨੈਟਵਰਕ ਰਾਹੀਂ ਟਰਾਂਜ਼ੈਕਸ਼ਨ ਨਾ ਕਰੋ।
- ਕਿਸੇ ਵੀ ਵਿਅਕਤੀ ਨਾਲ ਆਪਣੇ ਮੋਬਾਈਲ ਬੈਂਕਿੰਗ ਦਾ ਪਿਨ ਜਾਂ ਇੰਟਰਨੈਟ ਬੈਂਕਿੰਗ ਪਾਸਵਰਡ ਦੀ ਜਾਣਕਾਰੀ ਸਾਂਝੀ ਨਾ ਕਰੋ।

### ਯੂਨੀਫਾਈਡ ਪੇਮੈਂਟਸ ਇੰਟਰਫੇਸ (ਯੂ ਪੀ ਆਈ) / ਭੀਮ

**ਇਹ ਕਰੋ**




- ਇਹ ਯਕੀਨੀ ਬਣਾਉ ਕਿ ਤੁਸੀਂ ਸੰਬੰਧਿਤ ਲਾਭਪਾਤਰੀ ਨੂੰ ਹੀ ਪੈਸੇ ਟਰਾਂਸਫਰ ਕਰ ਰਹੇ ਹੋ।
- ਭੁਗਤਾਨ ਕਰਨ ਤੋਂ ਪਹਿਲਾਂ ਸਹੀ ਲਾਭਪਾਤਰੀ ਤੇ ਰਕਮ ਦੀ ਜਾਣਕਾਰੀ ਲਈ ਪੇਮੈਂਟ ਕੁਲੈਕਟ ਬੇਨਤੀ ਵੇਰਵਿਆਂ ਦੀ ਜਾਂਚ ਕਰੋ।

**ਇਹ ਨਾ ਕਰੋ**



- ਕਦੇ ਵੀ ਕਿਸੇ ਨਾਲ ਆਪਣਾ ਯੂਪੀਆਈ ਪਿੰਨ ਸਾਂਝਾ ਨਾ ਕਰੋ ਜਾਂ ਲਿਖ ਕੇ ਨਾ ਰਖੋ।
- ਪ੍ਰਾਪਤ ਕਰਤਾ ਦੀ ਜਾਂਚ ਕੀਤੇ ਬਿਨਾਂ ਪੈਸੇ ਨੂੰ ਟਰਾਂਸਫਰ ਨਾ ਕਰੋ।



### ਕ੍ਰੈਡਿਟ ਤੇ ਡੈਬਿਟ ਕਾਰਡ

**ਇਹ ਕਰੋ**



- ਕਦੇ ਵੀ ਇਸਤੇਮਾਲ ਕਰਦੇ ਸਮੇਂ ਆਪਣੇ ਕਾਰਡ ਉਤੇ ਪੂਰਾ ਧਿਆਨ ਦਿਉ ਅਤੇ ਇਸ ਨੂੰ ਤੁਰੰਤ ਵਾਪਸ ਲਵੋ।
- ਟਰਾਂਜ਼ੈਕਸ਼ਨ ਐੱਸ ਐਮ ਐੱਸ ਵੇਰਵਿਆਂ ਤੇ ਵਾਸਤਵਿਕ ਟਰਾਂਜ਼ੈਕਸ਼ਨ ਵਿਚਕਾਰ ਕਿਸੇ ਵੀ ਤਰ੍ਹਾਂ ਦਾ ਅੰਤਰ ਹੋਣ ਦੀ ਹਮੇਸ਼ਾ ਜਾਂਚ ਕਰੋ।
- ਯਕੀਨੀ ਬਣਾਓ ਕਿ ਤੁਸੀ ਰਸੀਦ ਅਤੇ ਸਟੇਟਮੈਂਟ ਦੀ ਸਹੀ ਢੰਗ ਨਾਲ ਡਿਸਪੋਜ਼ਲ ਕਰਦੇ ਹੋ।

**ਇਹ ਨਾ ਕਰੋ**



- ਕਿਸੇ ਵੀ ਵਿਅਕਤੀ ਨਾਲ ਕਾਰਡ ਦੇ ਵੇਰਵੇ ਅਤੇ ਪਿਨ ਨੂੰ ਸਾਂਝਾ ਨਾ ਕਰੋ।
- ਕਿਸੇ ਵੀ ਵਿਅਕਤੀ ਕੋਲ ਆਪਣਾ ਕ੍ਰੈਡਿਟ ਜਾਂ ਡੈਬਿਟ ਕਾਰਡ ਨਾ ਛੱਡੋ।
- ਕਿਸੇ ਵੀ ਵਿਅਕਤੀ ਨਾਲ ਆਪਣੇ ਪਾਸਵਰਡ/ਓਟੀਪੀ/ਪਿਨ ਨੂੰ ਸਾਂਝਾ ਨਾ ਕਰੋ।

ਵਿੱਤੀ ਸਾਖਰਤਾ • ਖੁਸ਼ਹਾਲੀ ਦੀ ਰਾਹ

# ਚੰਗੇ ਅਮਲ

ਜਨਹਿਤ ਵਿੱਚ ਜਾਰੀ
ਭਾਰਤੀ ਰਿਜ਼ਰਵ ਬੈਂਕ
www.rbi.org.in